# ਹਾਈ ਸਕੂਲ ਤੋਂ ਗ੍ਰੈਜੂਏਟ ਹੋਣ ਵਿੱਚ ਤੁਹਾਨੂੰ ਕਿਸ ਚੀਜ਼ ਦੀ ਲੋੜ ਹੈ?

## 18 ਲਾਜ਼ਮੀ ਕ੍ਰੈਡਿਟਸ

**ਓਨਟਾਰੀਓ ਸੈਕੰਡਰੀ ਸਕੂਲ ਡਿਪਲੋਮਾ ਹਾਸਿਲ ਕਰਨ ਲਈ ਵਿਦਿਆਰਥੀਆਂ ਨੂੰ ਹੇਠਾਂ ਦਿੱਤੇ ਲਾਜ਼ਮੀ ਕ੍ਰੈਡਿਟਸ ਜ਼ਰੂਰ ਹਾਸਲ ਕਰਨੇ ਚਾਹੀਦੇ ਹਨ:**

| | |
|---|---|
| 4 | ਕ੍ਰੈਡਿਟਸ ਅੰਗ੍ਰੇਜ਼ੀ ਵਿੱਚ (1 ਕ੍ਰੈਡਿਟ ਫ਼ੀ ਗ੍ਰੇਡ)* |
| 3 | ਕ੍ਰੈਡਿਟਸ ਗਣਿਤ ਵਿੱਚ (ਗ੍ਰੇਡ 11 ਜਾਂ 12 ਵਿੱਚ 1 ਕ੍ਰੈਡਿਟ) |
| 2 | ਕ੍ਰੈਡਿਟਸ ਸਾਇੰਸ ਵਿੱਚ |
| 1 | ਕ੍ਰੈਡਿਟ ਕਨਾਡਾ ਦੇ ਇਤਿਹਾਸ ਵਿੱਚ |
| 1 | ਕ੍ਰੈਡਿਟ ਕਨਾਡਾ ਦੇ ਭੂਗੋਲ ਵਿੱਚ |
| 1 | ਕ੍ਰੈਡਿਟ ਆਰਟਸ ਵਿੱਚ |
| 1 | ਕ੍ਰੈਡਿਟ ਸਿਹਤ ਅਤੇ ਸਰੀਰਕ ਸਿਖਿਆ ਵਿੱਚ |
| 1 | ਕ੍ਰੈਡਿਟ ਦੂਜੀ ਜ਼ਬਾਨ ਵਜੋਂ ਫ੍ਰੈਂਚ ਵਿੱਚ |
| 0.5 | ਕ੍ਰੈਡਿਟ ਕੈਰੀਅਰ ਸਬੰਧੀ ਪੜ੍ਹਾਈਆਂ ਵਿੱਚ |
| 0.5 | ਕ੍ਰੈਡਿਟ ਸਮਾਜ-ਸ਼ਾਸਤਰ ਵਿੱਚ |

**ਇਸ ਤੋਂ ਅਲਾਵਾ ਵਿਦਿਆਰਥੀਆਂ ਨੂੰ ਇਹ ਜ਼ਰੂਰ ਪੂਰੇ ਕਰਨੇ ਚਾਹੀਦੇ ਹਨ:**

| | |
|---|---|
| ✓ | 12 ਵਿਕਲਪ ਵਾਲੇ ਕ੍ਰੈਡਿਟਸ† |
| ✓ | ਭਾਈਚਾਰੇ ਵਿੱਚ ਸ਼ਮੂਲੀਅਤ ਸਬੰਧੀ ਸਰਗਰਮੀਆਂ ਵਿੱਚ 40 ਘੰਟੇ |
| ✓ | ਸੂਬਾਈ ਸਾਖਰਤਾ ਸ਼ਰਤ |

**ਹੇਠਾਂ ਦਿੱਤੇ ਸਮੂਹਾਂ ਵਿੱਚ ਹਰੇਕ ਵਿਚੋਂ ਪਲੱਸ 1 ਕ੍ਰੈਡਿਟ:**

| | |
|---|---|
| 1 | **ਸਮੂਹ 1:**<br>• ਦੂਜੀ ਜ਼ਬਾਨ ਵਜੋਂ ਅੰਗ੍ਰੇਜ਼ੀ ਜਾਂ ਫ੍ਰੈਂਚ **<br>• ਮਾਂ-ਬੋਲੀ<br>• ਇੱਕ ਕਲਾਸੀਕਲ ਜਾਂ ਅੰਤਰਰਾਸ਼ਟਰੀ ਜ਼ਬਾਨ<br>• ਸੋਸ਼ਲ ਸਾਇੰਸ ਅਤੇ ਹਿਊਮੈਨੀਟਿਜ਼<br>• ਕਨੈਡੀਅਨ ਅਤੇ ਵਿਸ਼ਵ ਅਧਿਅਨ<br>• ਸੇਧ ਅਤੇ ਕੈਰੀਅਰ ਸਿਖਿਆ<br>• ਸਹਿਕਾਰੀ ਸਿਖਿਆ*** |
| 1 | **ਸਮੂਹ 2:**<br>• ਸਿਹਤ ਅਤੇ ਸਰੀਰਕ ਸਿਖਿਆ<br>• ਆਰਟਸ<br>• ਬਿਜ਼ਨਸ (ਕਾਰੋਬਾਰ) ਸਬੰਧੀ ਅਧਿਅਨ<br>• ਦੂਜੀ ਜ਼ਬਾਨ ਵਜੋਂ ਫ੍ਰੈਂਚ **<br>• ਸਹਿਕਾਰੀ ਸਿਖਿਆ*** |
| 1 | **ਸਮੂਹ 3:**<br>• ਸਾਇੰਸ (ਗ੍ਰੇਡ 11 ਜਾਂ 12)<br>• ਤਕਨੀਕੀ ਸਿਖਿਆ<br>• ਦੂਜੀ ਜ਼ਬਾਨ ਵਜੋਂ ਫ੍ਰੈਂਚ **<br>• ਕੰਪਿਊਟਰ ਅਧਿਅਨ<br>• ਸਹਿਕਾਰੀ ਸਿਖਿਆ*** |

* ਦੂਜੀ ਜ਼ਬਾਨ ਵਜੋਂ ਅੰਗ੍ਰੇਜ਼ੀ (ESL) ਵਿੱਚ ਵੱਧ ਤੋਂ ਵੱਧ 3 ਕ੍ਰੈਡਿਟਸ ਜਾਂ ਅੰਗ੍ਰੇਜ਼ੀ ਸਾਖਰਤਾ ਵਿਕਾਸ (ELD) ਨੂੰ, ਅੰਗ੍ਰੇਜ਼ੀ ਵਿੱਚ 4 ਲਾਜ਼ਮੀ ਕ੍ਰੈਡਿਟਸ ਮੰਨਿਆ ਜਾ ਸਕਦਾ ਹੈ, ਪਰ ਚੌਥਾ ਕ੍ਰੈਡਿਟ, ਗ੍ਰੇਡ 12 ਦੇ ਲਾਜ਼ਮੀ ਅੰਗ੍ਰੇਜ਼ੀ ਕੋਰਸ ਵਿੱਚ ਜ਼ਰੂਰ ਹਾਸਲ ਕੀਤਾ ਜਾਣਾ ਚਾਹੀਦਾ ਹੈ।

** ਸਮੂਹ 1, 2 ਅਤੇ 3 ਵਿੱਚ, ਦੂਜੀ ਜ਼ਬਾਨ ਵਜੋਂ ਫ੍ਰੈਂਚ ਵਿੱਚ ਵੱਧ ਤੋਂ ਵੱਧ 2 ਕ੍ਰੈਡਿਟਸ ਨੂੰ ਲਾਜ਼ਮੀ ਕ੍ਰੈਡਿਟਸ ਵਜੋਂ ਗਿਣਿਆ ਜਾ ਸਕਦਾ ਹੈ, ਇੱਕ, ਸਮੂਹ 1 ਤੋਂ ਅਤੇ ਇੱਕ, ਸਮੂਹ 2 ਜਾਂ ਸਮੂਹ 3 ਤੋਂ।

*** ਸਹਿਕਾਰੀ ਸਿਖਿਆ ਵਿੱਚ ਵੱਧ ਤੋਂ ਵੱਧ 2 ਕ੍ਰੈਡਿਟਸ ਨੂੰ ਲਾਜ਼ਮੀ ਕ੍ਰੈਡਿਟਸ ਵਜੋਂ ਗਿਣਿਆ ਜਾ ਸਕਦਾ ਹੈ।

† ਵਿਕਲਪ ਵਾਲੇ 12 ਕ੍ਰੈਡਿਟਸ ਵਿੱਚ, ਦੂਹਰੇ ਕ੍ਰੈਡਿਟ ਲਈ ਪ੍ਰਵਾਣਿਤ ਕੋਰਸਾਂ ਰਾਹੀਂ ਹਾਸਲ ਕੀਤੇ ਗਏ 4 ਕ੍ਰੈਡਿਟਸ ਤੱਕ ਸ਼ਾਮਿਲ ਹੋ ਸਕਦੇ ਹਨ।

ontario.ca/EDUparents

ISBN 978-1-4606-1354-2 (PDF) (Punjabi) © ਓਨਟਾਰੀਓ ਲਈ ਕੁਈਨਜ਼ ਪ੍ਰਿੰਟਰ, 2013

Ontario